Sr.No. 6706

Exam Code: 107402

Subject Code : 7036

## B.Sc. (Bio Technology) - 2nd Semester (old sylb 2019-20)

## (2721)

## Paper: BT-6(i) Punjabi(Compulsory)

**Time Allowed: 2 hrs.** **Max. Marks: 50**

ਨੋਟ:- ਕੋਈ ਚਾਰ ਪ੍ਰਸ਼ਨ ਕਰੋ। ਸਾਰੇ ਪ੍ਰਸ਼ਨਾਂ ਦੇ ਬਰਾਬਰ ਅੰਕ ਹਨ।

1. 'ਗੁਟਾਰ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

2. 'ਉਜਾੜ' ਕਹਾਣੀ ਵਿਚ ਆਏ ਪਾਤਰਾਂ ਦਾ ਪਾਤਰ-ਚਿਤਰਨ ਕਰੋ।

3. 'ਹਿੰਦੁਸਤਾਨ ਛੋੜ ਦੋ' ਲੇਖ ਦਾ ਸਾਰ ਲਿਖੋ।

4. 'ਗੁਰੂ ਕਾ ਬਾਗ ਅਤੇ ਮੁਲਤਾਨ' ਲੇਖ ਦੀ ਲਿਖਣ ਸ਼ੈਲੀ ਉੱਪਰ ਨੋਟ ਲਿਖੋ।

5. ਪੰਜਾਬੀ ਵਿਆਕਰਣ ਮੁਤਾਬਕ 'ਸ਼ਬਦ' ਤੋਂ ਕੀ ਭਾਵ ਹੈ? ਉਦਾਹਰਣ ਸਹਿਤ 'ਰੂਪ' ਅਤੇ 'ਵਰਤੋਂ' ਦੇ ਆਧਾਰ 'ਤੇ ਸ਼ਬਦ ਦਾ ਵਰਗੀਕਰਨ ਕਰੋ।

6. 'ਕਿਰਿਆ' ਅਤੇ 'ਕਿਰਿਆ ਵਿਸ਼ੇਸ਼ਣ' ਸ਼ਬਦ ਸ਼੍ਰੇਣੀਆਂ ਦੀ ਪਹਿਚਾਣ ਕਰਾਉਂਦੇ ਹੋਏ ਉਦਾਹਰਣ ਸਹਿਤ ਇਨ੍ਹਾਂ ਦੀਆਂ ਕਿਸਮਾਂ ਤੋਂ ਜਾਣੂ ਕਰਾਓ।

7. ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਤੇ ਢੁੱਕਵਾਂ ਸਿਰਲੇਖ ਵੀ ਦਿਓ।
ਭਾਈ ਵੀਰ ਸਿੰਘ ਦੀ ਕਵਿਤਾ ਨੇ ਪਾਰਖੂਆਂ ਦਾ ਏਨਾ ਧਿਆਨ ਖਿੱਚਿਆ ਹੈ ਕਿ ਉਨ੍ਹਾਂ ਦੀ ਵਾਰਤਕ ਨਾਲ ਪੂਰਾ ਇਨਸਾਫ਼ ਨਹੀਂ ਕੀਤਾ ਜਾ ਸਕਿਆ। ਹਾਲਾਂਕਿ ਜਿੰਨੇ ਫੈਲਾਉ ਵਿਚ ਇਹ ਵਾਰਤਕ ਹੈ, ਜਿੰਨੀ ਇਹ ਠੰਢੇ ਪ੍ਰਭਾਵ ਵਿਚ ਗੁੰਨ੍ਹੀ ਹੋਈ ਹੈ, ਜਿੰਨੀ ਇਸ ਵਿਚ ਬੋਲੀ ਦੀ ਅਮੀਰੀ ਤੇ ਸੱਜਰੇ, ਨਿਖਾਰੇ, ਢੁੱਕਵੇਂ ਅਲੰਕਾਰਾਂ ਦਾ ਜੜਾਓ ਹੈ, ਜਿੰਨੇ ਸਹਿਜ ਸੁਭਾਵੇ ਤਰੀਕੇ ਨਾਲ ਰਹੱਸਵਾਦੀ ਫ਼ਲਸਫ਼ੇ ਦੇ ਪਰਦੇ ਦੀਆਂ ਸਾਰੀਆਂ ਕੰਨੀਆਂ ਦਲੀਲ ਤੇ ਜਜ਼ਬੇ ਦੀ ਰਲਵੀਂ ਸਹਾਇਤਾ ਨਾਲ ਖੋਲ੍ਹ-ਖੋਲ੍ਹ ਇਹ ਵਾਰਤਕ ਸਾਨੂੰ ਚਕਿਤ ਕਰਦੀ ਹੈ, ਜਿਵੇਂ ਇਹ ਦਿੱਸਦੀ ਕੁਦਰਤ ਤੇ ਅਣ-ਦਿੱਸਦੇ ਰੂਹ ਦੇ ਦੇਸ਼ ਦੇ ਹਰ ਤਜਰਬੇ ਨੂੰ ਬੜੀ ਬਾਰੀਕੀ, ਵਿਸਥਾਰ ਤੇ ਸੂਝ ਨਾਲ ਪੇਸ਼ ਕਰਦੀ ਹੈ ਤੇ ਸਾਨੂੰ ਉਨ੍ਹਾਂ ਵਿਚ ਡੋਬੇ ਦੁਆਂਦੀ ਹੈ, ਜਿਵੇਂ ਇਹ ਸਾਡੇ ਅੰਦਰਲੇ ਰੋਝਾਂ, ਵਹਿਮਾਂ, ਸ਼ੰਕਿਆਂ, ਆਸਾਂ, ਦਿਲਗਿਰੀਆਂ, ਪ੍ਰੀਤਾਂ, ਸੰਜੋਗਾਂ ਦੇ ਨਕਸ਼ੇ ਖਿੱਚ-ਖਿੱਚ ਉਹਨਾ ਨੂੰ ਮਾਨੋ ਰੂਪਮਾਨ ਕਰ ਦਿੰਦੀ ਹੈ ਪਰ ਨਾਲ ਹੀ ਹਰ ਹਾਲਤ ਵਿਚ ਸਾਨੂੰ ਆਸ ਨਾਲ ਬੱਧਾ ਰੱਖਦੀ ਹੈ ਤੇ ਚੜ੍ਹਦੀ ਕਲਾ ਦਾ ਸਹਾਰਾ ਦਿੰਦੀ ਹੈ। ਉਹ ਵਚਿੱਤਰ ਰਚਨਾ ਜ਼ਰੂਰ ਸਾਡਾ ਵਧੀਕ ਧਿਆਨ ਮੰਗਦੀ ਹੈ।

8. ਹੇਠ ਲਿਖੇ ਅਖਾਣਾ ਵਿਚੋਂ ਪੰਜ ਦੇ ਅਰਥ ਦੱਸਦੇ ਹੋਏ ਵਾਕਾਂ ਵਿਚ ਵਰਤੋ।
ਉੱਚਾ ਨੀਵਾਂ ਬੋਲਣਾ, ਸਿਰ ਤੇ ਹੱਥ ਰੱਖਣਾ, ਸਿਰੋਂ ਨੰਗੀ ਹੋਣਾ, ਉਫ਼ ਨਾ ਕਰਨਾ, ਕਈ ਪਤਨਾਂ ਦਾ ਪਾਣੀ ਪੀਤਾ ਹੋਣਾ, ਅਸਮਾਨ ਨੂੰ ਟਾਕੀਆਂ ਲਾਉਣਾ, ਕੁੱਝ ਘੋਲ ਕੇ ਪਿਲਾਉਣਾ, ਅੱਖ ਵਿਚ ਨਾ ਰੜਕਨਾ,

ਹੇਠ ਲਿਖੇ ਮੁਹਾਵਰਿਆਂ ਵਿਚੋਂ ਪੰਜ ਦੇ ਅਰਥ ਸਪੱਸ਼ਟ ਕਰਦੇ ਹੋਏ ਵਾਕਾਂ ਵਿਚ ਵਰਤੋ।
ਉਖਲੀ ਵਿਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ, ਤਲਵਾਰ ਦਾ ਫੱਟ ਮਿਲ ਜਾਂਦਾ ਏ, ਜ਼ਬਾਨ ਦਾ ਨਹੀਂ ਮਿਲਦਾ, ਉੱਚਾ ਬੋਲ ਨਾ ਬੋਲੀਏ ਕਰਤਾਰੋਂ ਡਰੀਏ, ਉਲਟੀ ਵਾੜ ਖੇਤ ਨੂੰ ਖਾਏ, ਅੱਗ ਅੱਗ ਆਖਿਆਂ ਮੂੰਹ ਨਹੀਂ ਸੜਦਾ, ਅੰਤ ਭਲੇ ਦਾ ਭਲਾ, ਆਪਣਾ ਘਰ ਸੰਭਾਲੀਏ ਚੋਰ ਕਿਸੇ ਨੂੰ ਨਾ ਆਖੀਏ

............